ਜਦੋਂ ਤੁਸੀਂ ਵਿੱਚੋਂ ਕੋਈ ਅਜਿਹੀ ਸੁਪਨਾ ਵੇਖੇ ਜੋ ਉਸ ਨੂੰ ਪਸੰਦ ਆਵੇ, ਤਾਂ ਨਿਸ਼ਚਿਤ ਹੀ ਉਹ ਅੱਲਾਹ ਵੱਲੋਂ ਹੁੰਦੀ ਹੈ, ਫਿਰ ਉਸ ਨੂੰ ਚਾਹੀਦਾ ਹੈ ਕਿ ਅੱਲਾਹ ਦਾ ਸ਼ੁਕਰ ਅਦਾ ਕਰੇ ਅਤੇ ਉਸ ਸੁਪਨੇ ਨੂੰ ਦੱਸੇ। ਪਰ ਜੇਕਰ ਉਹ ਕੋਈ ਐਸਾ ਸੁਪਨਾ ਵੇਖੇ ਜੋ ਉਸ ਨੂੰ ਨਾਪਸੰਦ ਹੋਵੇ, ਤਾਂ ਨਿਸ਼ਚਿਤ ਹੀ ਉਹ ਸ਼ੈਤਾਨ ਵੱਲੋਂ ਹੁੰਦਾ ਹੈ, ਫਿਰ ਉਸ ਨੂੰ ਚਾਹੀਦਾ ਹੈ ਕਿ ਉਸ ਦੇ ਸ਼ਰ ਤੋਂ ਅੱਲਾਹ ਦੀ ਪਨਾਹ ਮੰਗੇ ਅਤੇ ਕਿਸੇ ਨੂੰ ਨਾ ਦੱਸੇ, ਨਿਸ਼ਚਿਤ ਹੀ ਉਹ ਉਸ ਨੂੰ ਨੁਕਸਾਨ ਨਹੀਂ ਦੇਵੇਗਾ।

ਹਜ਼ਰਤ ਅਬੂ ਸਈਦ ਖੁਦਰੀ ਰਜ਼ੀਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਉਨ੍ਹਾਂ ਨੇ ਰਸੂਲੁੱਲਾਹ ਸੱਲੱਲਾਹੁ ਅਲੈਹਿ ਵਸੱਲਮ ਨੂੰ ਇਹ ਫਰਮਾਉਂਦੇ ਸੁਣਿਆ: "ਜਦੋਂ ਤੁਸੀਂ ਵਿੱਚੋਂ ਕੋਈ ਅਜਿਹੀ ਸੁਪਨਾ ਵੇਖੇ ਜੋ ਉਸ ਨੂੰ ਪਸੰਦ ਆਵੇ, ਤਾਂ ਨਿਸ਼ਚਿਤ ਹੀ ਉਹ ਅੱਲਾਹ ਵੱਲੋਂ ਹੁੰਦੀ ਹੈ, ਫਿਰ ਉਸ ਨੂੰ ਚਾਹੀਦਾ
ਹੈ ਕਿ ਅੱਲਾਹ ਦਾ ਸ਼ੁਕਰ ਅਦਾ ਕਰੇ ਅਤੇ ਉਸ ਸੁਪਨੇ ਨੂੰ ਦੱਸੇ। ਪਰ ਜੇਕਰ ਉਹ ਕੋਈ ਐਸਾ ਸੁਪਨਾ ਵੇਖੇ
ਜੋ ਉਸ ਨੂੰ ਨਾਪਸੰਦ ਹੋਵੇ, ਤਾਂ ਨਿਸ਼ਚਿਤ ਹੀ ਉਹ ਸ਼ੈਤਾਨ ਵੱਲੋਂ ਹੁੰਦਾ ਹੈ, ਫਿਰ ਉਸ ਨੂੰ ਚਾਹੀਦਾ
ਹੈ ਕਿ ਉਸ ਦੇ ਸ਼ਰ ਤੋਂ ਅੱਲਾਹ ਦੀ ਪਨਾਹ ਮੰਗੇ ਅਤੇ ਕਿਸੇ ਨੂੰ ਨਾ ਦੱਸੇ, ਨਿਸ਼ਚਿਤ ਹੀ ਉਹ ਉਸ ਨੂੰ ਨੁਕਸਾਨ ਨਹੀਂ ਦੇਵੇਗਾ।"
[صحيح] [رواه البخاري]

ਨਬੀ ਅਕਰਮ ਸੱਲੱਲਾਹੁ ਅਲੈਹਿ ਵਸੱਲਮ ਨੇ ਇਤਿਲਾ ਦਿੱਤੀ ਕਿ ਸੁਪਨੇ ਵਿੱਚ ਆਉਣ ਵਾਲੀ ਨੇਕ ਤੇ ਖੁਸ਼ੀ ਦੇਣ ਵਾਲੀ ਰੁਹਾਨੀ ਰੁਯਾ ਅੱਲਾਹ ਵੱਲੋਂ ਹੁੰਦੀ ਹੈ। ਉਨ੍ਹਾਂ ਨੇ ਰਾਹਨੁਮਾਈ ਕੀਤੀ ਕਿ ਅਜਿਹੀ ਰੁਯਾ ਦੇ ਵੇਲੇ ਬੰਦਾ ਅੱਲਾਹ ਦਾ ਸ਼ੁਕਰ ਅਦਾ ਕਰੇ ਅਤੇ ਉਸ ਰੁਯਾ ਨੂੰ ਦੱਸ ਸਕਦਾ ਹੈ। ਪਰ ਜੇਕਰ ਕੋਈ ਅਜਿਹਾ ਸੁਪਨਾ ਵੇਖੇ ਜੋ ਨਾਪਸੰਦ ਅਤੇ ਉਦੇਾਸ ਕਰ ਦੇਣ ਵਾਲਾ ਹੋਵੇ, ਤਾਂ ਉਹ ਸ਼ੈਤਾਨ ਵੱਲੋਂ ਹੁੰਦਾ ਹੈ। ਇਨ੍ਹਾਂ ਹਾਲਾਤ ਵਿੱਚ ਬੰਦੇ ਨੂੰ ਚਾਹੀਦਾ ਹੈ ਕਿ ਉਹ ਅੱਲਾਹ ਦੀ ਪਨਾਹ ਮੰਗੇ ਅਤੇ ਉਸ ਸੁਪਨੇ ਨੂੰ ਕਿਸੇ ਨੂੰ ਨਾ ਦੱਸੇ, ਕਿਉਂਕਿ ਉਹ ਉਸਨੂੰ ਨੁਕਸਾਨ ਨਹੀਂ ਦੇਵੇਗਾ। ਅੱਲਾਹ ਨੇ ਇਸ ਤਰੀਕੇ ਨੂੰ ਉਨ੍ਹਾਂ ਨਾਪਸੰਦ ਰੁਯਿਆਂ ਦੇ ਸ਼ਰ ਤੋਂ ਬਚਾਅ ਦਾ ਵਸੀਲਾ ਬਣਾਇਆ ਹੈ।

http://sunnah.global/hadeeth/pa/show/3285